ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ.ਓ-104-106, ਸੈਕਟਰ- 34 ਏ, ਚੰਡੀਗੜ੍ਹ
ਫੋਨ ਨੰ- **0172- 2623207, 2621104, 2621106, 2623106, 2600166**

## ਜਨਤਕ ਸੂਚਨਾ

ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵਲੋ **ਹਿੰਦੀ, ਸਾਇੰਸ, ਪੰਜਾਬੀ, ਮੈਥ ਅਤੇ ਅੰਗਰੇਜ਼ੀ** ਵਿਸ਼ੇ ਦੀਆਂ ਅਸਾਮੀਆਂ ਮਿਤੀ 20.11.2010 ਨੂੰ ਅਜੀਤ, ਹਿੰਦੁਸਤਾਨ ਟਾਇਮਜ਼, ਪੰਜਾਬ ਕੇਸਰੀ ਆਦਿ ਵਿੱਚ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਜਿਸ ਦੇ ਸਬੰਧ ਵਿੱਚ ਉਪਰੋਕਤ ਦੱਸੀਆਂ ਅਸਾਮੀਆਂ ਭਰਨ ਲਈ ਲਿਖਤੀ ਟੈਸਟ ਮਿਤੀ 27/12/2010, 28/12/2010 ਅਤੇ 29/12/2010 ਨੂੰ ਲਿਆ ਗਿਆ ਸੀ, ਜਿਸ ਦਾ ਨਤੀਜਾ ਵੈਬਸਾਇਟ ਤੇ ਉਪਲਬਧ ਕਰਵਾਇਆ ਗਿਆ ਸੀ, ਇਸ ਟੈਸਟ ਵਿੱਚ ਸਫਲ ਹੋਏ ਉਮੀਦਵਾਰਾਂ ਦੀ ਕਾਉਨਸਲਿੰਗ ਮਿਤੀ 20.01.2011 ਤੋ 28.01.2011 ਤੱਕ ਮੋਹਾਲੀ ਵਿਖੇ ਕੀਤੀ ਗਈ ਸੀ ਅਤੇ ਕਾਉਨਸਲਿੰਗ ਦੋਰਾਣ ਕੁਝ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ, ਪਰ ਅਲਾਟ ਕੀਤਾ ਗਿਆ ਸਟੇਸ਼ਨ ਖਾਲੀ ਨਾ ਹੋਣ ਕਰਕੇ ਜਾਂ ਕਾਉਨਸਲਿੰਗ ਵੇਲੇ ਕੁਝ ਉਮੀਦਵਾਰਾਂ ਦੇ ਦਸਤਾਵੇਜਾਂ ਵਿੱਚ ਤਰੁਟੀਆਂ/ਘਾਟ ਹੋਣ ਕਾਰਨ ਜਾਂ ਮੈਥ ਵਿਸ਼ੇ ਦੇ ਫਿਜੀਕਲ ਹੈਡੀਕਪਡ (ਆਰਥੋ) ਵਿੱਚ 14.25 ਦੀ ਥਾਂ 24.25 ਲਿੱਖਿਆ ਗਿਆ ਸੀ, ਜੋ ਕਿ ਵਿਗਿਆਪਨ ਮਿਤੀ 17.01.2011 ਵਿੱਚ ਤਰੁਟੀ ਸੀ, ਅਜਿਹੇ ਸਾਰੇ ਪੈਡਿੰਗ ਕੇਸਾਂ ਦਾ ਨਿਪਟਾਰਾ ਕਰਨ ਲਈ ਕਾਉਨਸਲਿੰਗ ਵਿੱਚ ਹੇਠ ਲਿਖੇ ਵੇਰਵੇ ਅਨੁਸਾਰ **ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ਼ - 3 ਬੀ 1, ਐਸ.ਐਸ.ਏ ਨਗਰ (ਮੋਹਾਲੀ) ਵਿੱਚ ਸਵੇਰੇ 9:00 ਵਜੇ** ਹਾਜਰ ਹੋਣ :-

| ਲੜੀ ਨੰ | ਮਿਤੀ | ਵਿਸ਼ਾ | ਵਿਸ਼ੇਸ਼ ਕਥਨ | ਕਾਉਨਸਲਿੰਗ ਵਿੱਚ ਲੋੜੀਦੇ ਦਸਤਾਵੇਜ |
|---|---|---|---|---|
| 1. | 01/06/2011 | ਅੰਗਰੇਜ਼ੀ, ਮੈਥ, ਸਾਇੰਸ, ਹਿੰਦੀ ਅਤੇ ਪੰਜਾਬੀ | 1) ਜਿਹਨ੍ਹਾ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ, ਪਰ ਅਲਾਟ ਕੀਤਾ ਗਿਆ ਸਟੇਸ਼ਨ ਖਾਲੀ ਨਹੀ ਸੀ, ਨਾਲ ਸਬੰਧਤ ਕੇਸ। | ਨਿਯੁਕਤੀ ਪੱਤਰ ਦੀ ਕਾਪੀ ਅਤੇ ID Proof ਆਦਿ। |
| 2. | 06/06/2011 | ਸਾਇੰਸ, ਮੈਥ ਅਤੇ ਪੰਜਾਬੀ | 1) ਮਿਤੀ 6.06.2011 ਨੂੰ ਮੈਥ ਵਿਸ਼ੇ ਦੇ ਫਿਜੀਕਲ ਹੈਡੀਕੈਪਡ (ਆਰਥੋ) ਨਾਲ ਸਬੰਧਤ ਉਮੀਦਵਾਰ ਜਿਹਨ੍ਹਾ ਦੀ ਮੈਰਿਟ 14.25 ਤੋ ਵੱਧ ਹੈ ਅਤੇ ਜਿਹੜ੍ਹੇ ਮਿਤੀ 20.01.2011 ਨੂੰ ਕਾਉਨਸਲਿੰਗ ਵਿੱਚ ਹਾਜਰ ਨਹੀ ਹੋ ਸਕੇ, ਹੁੱਣ ਉਹ ਹਾਜਰ ਹੋਣ।<br>2) ਅਜਿਹੇ ਕੇਸ ਜਿਹਨ੍ਹਾਂ ਨੂੰ ਕਾਉਨਸਲਿੰਗ ਕਮੇਟੀ ਵਲੋ ਸਰਟੀਫਿਕੇਟ ਪੂਰੇ ਜਾਂ ਦਸਤਾਵੇਜਾਂ ਵਿੱਚ ਤਰੂਟੀਆਂ ਹੋਣ ਕਾਰਨ ਪੈਡਿੰਗ ਰੱਖਿਆ ਗਿਆ ਸੀ, ਨਾਲ ਸਬੰਧਤ ਉਮੀਦਵਾਰ | (1) ਰੋਲ ਨੰਬਰ ਸਲਿਪ (2) ਇਕ ਪਾਸਪੋਰਟ ਸਾਇਜ ਫੋਟੋ (3) ਸਾਰੇ ਅਸਲ ਦਸਤਾਵੇਜ਼ ਅਤੇ ਉਹਨਾਂ ਦੀਆਂ ਫੋਟੋ ਕਾਪੀਆਂ (4) ਜਾਤੀ ਸਬੰਧੀ ਦਸਤਾਵੇਜ਼ (5) ਐਕਸ ਸਰਵਿਸਮੈਨ ਸਬੰਧੀ ਦਸਤਾਵੇਜ (6) ਹੈਡੀਕੈਪਡ ਦਸਤਾਵੇਜ਼ (7) ਰਿਹਾਇਸੀ ਸਰਟੀਫਿਕੇਟ ਆਦਿ । |
| 3. | 07/06/2011 | ਹਿੰਦੀ ਅਤੇ ਅੰਗਰੇਜੀ | | |

ਇਥੇ ਇਹ ਵੀ ਸਪਸ਼ਟ ਕੀਤਾ ਜਾਦਾ ਹੈ ਕਿ ਕੇਵਲ ਉਹੀ ਉਮੀਦਵਾਰ ਕਾਉਨਸਲਿੰਗ ਵਿੱਚ ਹਾਜ਼ਰ ਹੋਣ ਜਿਹਨ੍ਹਾ ਨੂੰ ਕਾਉਨਸਲਿੰਗ ਲਈ ਬੁਲਾਇਆ ਜਾ ਰਿਹਾ ਹੈ, ਇਹਨ੍ਹਾਂ ਉਮੀਦਵਾਰਾਂ ਨੂੰ ਇਹ ਕਾਉਨਸਲਿੰਗ ਦਾ ਆਖਰੀ ਮੌਕਾ ਦਿੱਤਾ ਜਾ ਰਿਹਾ ਹੈ, ਜਿਹਨ੍ਹਾ ਦਾ ਵੇਰਵਾ ਵੈਬਸਾਇਟ - www.ssapunjab.org ਤੇ ਉਪਲਬਧ ਹੈ। ਜੇਕਰ ਕਿਸੇ ਉਮੀਦਵਾਰ ਦਾ ਨਾਂ ਸਬੰਧਤ ਲਿਸਟ ਵਿੱਚ ਨਹੀ ਹੈ ਪਰ ਉਹ ਇਹਨ੍ਹਾ ਉਪਰੋਕਤ ਦਸੇ ਕੇਸਾਂ ਨਾਲ ਸਬੰਧਤ ਹਨ ਤਾਂ ਉਹ ਵੀ ਕਾਉਨਸਲਿੰਗ ਵਿੱਚ ਹਾਜਰ ਹੋਣ।

**ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚਡੀਗੜ੍ਹ**